ਮਿੱਠੇ ਬੱਚੇ:- ਬਾਪ ਸਮਾਨ ਰਹਿਮਦਿਲ ਬਣੋ , ਰਹਿਮਦਿਲ ਬੱਚੇ ਸਾਰਿਆਂ ਨੂੰ ਦੁੱਖ ਤੋਂ ਛੁਡਾ ਕੇ ਪਤਿਤ ਤੋਂ ਪਾਵਨ ਬਣਾਉਣ ਦੀ ਸੇਵਾ ਕਰਨਗੇ "

ਪ੍ਰਸ਼ਨ:- ਸਾਰੀ ਦੁਨੀਆ ਦੀ ਮੰਗ ਕੀ ਹੈ? ਜੋ ਬਾਪ ਦੇ ਇਲਾਵਾ ਕੋਈ ਪੂਰੀ ਨਹੀਂ ਕਰ ਸਕਦਾ ?

ਉੱਤਰ:- ਸਾਰੀ ਦੁਨੀਆ ਦੀ ਮੰਗ ਹੈ ਸ਼ਾਂਤੀ ਅਤੇ ਸੁੱਖ ਮਿਲੇ। ਸਾਰੇ ਬੱਚਿਆਂ ਦੀ ਪੁਕਾਰ ਸੁਣ ਕੇ ਬਾਪ ਆਉਂਦੇ ਹਨ। ਬਾਬਾ ਬੇਹੱਦ ਦਾ ਹੈ ਇਸ ਲਈ ਉਸ ਨੂੰ ਬਹੁਤ ਫੁਰਨਾ ਹੈ ਕਿ ਮੇਰੇ ਬੱਚੇ ਕਿਵੇਂ ਦੁੱਖੀ ਤੋਂ ਸੁੱਖੀ ਬਣਨ। ਬਾਬਾ ਕਹਿੰਦੇ - ਬੱਚੇ, ਪੁਰਾਣੀ ਦੁਨੀਆ ਵੀ ਮੇਰੀ ਹੈ, ਮੇਰੇ ਹੀ ਸਭ ਬੱਚੇ ਹਨ, ਮੈਂ ਆਇਆ ਹਾਂ ਸਭ ਨੂੰ ਦੁੱਖਾਂ ਤੋਂ ਛੁਡਾਉਣ। ਮੈਂ ਸਾਰੀ ਦੁਨੀਆ ਦਾ ਮਾਲਿਕ ਹਾਂ, ਇਸਨੂੰ ਮੈਂ ਹੀ ਪਤਿਤ ਤੋਂ ਪਾਵਨ ਬਣਾਉਣਾ ਹੈ।

ਓਮ ਸ਼ਾਂਤੀ। ਬਾਪ ਪਾਵਨ ਬਣਾ ਰਹੇ ਹਨ ਬੱਚਿਆਂ ਨੂੰ। ਤਾਂ ਜਰੂਰ ਬਾਪ ਨਾਲ ਪਿਆਰ ਚਾਹੀਦਾ ਹੈ। ਭਾਵੇਂ ਭਰਾਵਾਂ - ਭਰਾਵਾਂ ਦਾ ਆਪਸ ਵਿੱਚ ਪਿਆਰ ਤਾਂ ਠੀਕ ਹੈ। ਇੱਕ ਬਾਪ ਦੇ ਸਭ ਬੱਚੇ ਆਪਸ ਵਿੱਚ ਭਰਾ - ਭਰਾ ਹਨ। ਪਰ ਪਾਵਨ ਬਣਾਉਣ ਵਾਲਾ ਬਾਪ ਇਕ ਹੀ ਹੈ ਇਸਲਈ ਸਭ ਬੱਚਿਆਂ ਦਾ ਲਵ ਇੱਕ ਬਾਪ ਵਿੱਚ ਹੀ ਚਲਾ ਜਾਂਦਾ ਹੈ। ਬਾਪ ਕਹਿੰਦੇ ਹਨ - ਬੱਚਿਓ, ਮਾਮੇਕਮ ਯਾਦ ਕਰੋ। ਇਹ ਤਾਂ ਠੀਕ ਹੈ ਤੁਸੀਂ ਭਰਾ - ਭਰਾ ਹੋ ਤਾਂ ਜਰੂਰ ਸ਼ੀਰਖੰਡ ਹੀ ਹੋਣਗੇ। ਇਕ ਬਾਪ ਦੇ ਬੱਚੇ ਹੋ। ਆਤਮਾ ਵਿੱਚ ਹੀ ਇੰਨਾ ਪਿਆਰ ਹੈ। ਜਦੋਂਕਿ ਦੇਵਤਾਈ ਪਦ ਪ੍ਰਾਪਤ ਕਰਦੇ ਹੋ ਤਾਂ ਆਪਸ ਵਿੱਚ ਬਹੁਤ ਹੀ ਪਿਆਰ ਹੋਣਾ ਚਾਹੀਦਾ ਹੈ। ਅਸੀਂ ਭਾਈ - ਭਾਈ ਬਣਦੇ ਹਾਂ। ਬਾਪ ਤੋਂ ਵਰਸਾ ਲੈਂਦੇ ਹਾਂ। ਬਾਪ ਆਕੇ ਸਿਖਾਉਂਦੇ ਹਨ। ਜੋ ਸਮਝਣ ਵਾਲੇ ਹੁੰਦੇ ਹਨ ਉਹ ਸਮਝਦੇ ਹਨ ਇਹ ਸਕੂਲ ਜਾ ਵੱਡੀ ਯੂਨਵਰਸਿਟੀ ਹੈ। ਬਾਪ ਸਾਰਿਆਂ ਨੂੰ ਦ੍ਰਿਸ਼ਟੀ ਦਿੰਦੇ ਹਨ ਵਾ ਯਾਦ ਕਰਦੇ ਹਨ। ਬੇਹਦ ਦੇ ਬਾਪ ਨੂੰ ਸਾਰੀ ਦੁਨੀਆਂ ਦੇ ਮਨੁੱਖ ਮਾਤਰ ਸਾਰੀਆਂ ਆਤਮਾਂਵਾਂ ਯਾਦ ਕਰਦੀਆਂ ਹਨ। ਬਾਪ ਦੀ ਹੀ ਸਾਰੀ ਦੁਨੀਆ ਹੈ - ਨਵੀਂ ਜਾ ਪੁਰਾਣੀ। ਨਵੀਂ ਦੁਨੀਆ ਬਾਪ ਦੀ ਹੈ ਤੇ ਪੁਰਾਣੀ ਨਹੀਂ ਹੈ ਕੀ? ਬਾਪ ਹੀ ਸਾਰਿਆਂ ਨੂੰ ਪਾਵਨ ਬਣਾਉਂਦੇ ਹਨ। ਪੁਰਾਣੀ ਦੁਨੀਆ ਵੀ ਮੇਰੀ ਹੈ। ਸਾਰੀ ਦੁਨੀਆ ਦਾ ਮਾਲਿਕ ਮੈ ਹੀ ਹਾਂ। ਭਾਵੇਂ ਨਵੀਂ ਦੁਨੀਆ ਤੇ ਮੈ ਰਾਜ ਨਹੀਂ ਕਰਦਾ ਹਾਂ ਪਰ ਹੈ ਤਾਂ ਮੇਰੀ ਨਾ। ਮੇਰੇ ਬੱਚੇ ਮੇਰੇ ਇਸ ਵੱਡੇ ਘਰ ਵਿੱਚ ਵੀ ਬਹੁਤ ਸੁਖੀ ਰਹਿੰਦੇ ਹਨ ਅਤੇ ਫਿਰ ਦੁੱਖ ਵੀ ਪਾਉਂਦੇ ਹਨ। ਇਹ ਖੇਲ ਹੈ। ਇਹ ਸਾਰੀ ਬੇਹੱਦ ਦੀ ਦੁਨੀਆ ਸਾਡਾ ਘਰ ਹੈ। ਇਹ ਵੱਡਾ ਮਾਂਡਵਾ ਹੈ ਨਾ। ਬਾਪ ਜਾਣਦੇ ਹਨ ਸਾਰੇ ਘਰ ਵਿੱਚ ਸਾਡੇ ਬੱਚੇ ਹਨ। ਸਾਰੀ ਦੁਨਆਂ ਨੂੰ ਵੇਖਦੇ ਹਨ। ਸਭ ਚੈਤੰਨ ਹਨ। ਸਾਰੇ ਬੱਚੇ ਇਸ ਸਮੇ ਦੁੱਖੀ ਹਨ ਇਸ ਲਈ ਪੁਕਾਰਦੇ ਹਨ ਬਾਬਾ ਸਾਨੂੰ ਛੀ ਛੀ, ਦੁੱਖੀ ਦੁਨੀਆ ਤੋਂ ਸ਼ਾਂਤੀ ਦੀ ਦੁਨੀਆਂ ਵਿੱਚ ਲੈ ਚੱਲੋ, ਸ਼ਾਂਤੀ ਦੇਵਾ। ਬਾਪ ਨੂੰ ਪੁਕਾਰਦੇ ਹਨ। ਦੇਵਤਾਵਾਂ ਨੂੰ ਤਾਂ ਕਹਿ ਨਹੀਂ ਸਕਦੇ। ਸਾਰਿਆਂ ਦਾ ਉਹ ਇਕ ਬਾਪ ਹੈ। ਉਨ੍ਹਾਂ ਨੂੰ ਸਾਰੀ ਸ੍ਰਿਸ਼ਟੀ ਦਾ ਫੁਰਨਾ ਰਹਿੰਦਾ ਹੈ। ਬੇਹੱਦ ਦਾ ਘਰ ਹੈ। ਬਾਪ ਜਾਣਦੇ ਹਨ ਇਸ ਬੇਹੱਦ ਘਰ ਵਿੱਚ ਇਸ ਸਮੇਂ ਸਾਰੇ ਦੁੱਖੀ ਹਨ। ਇਸ ਲਈ ਕਹਿੰਦੇ ਹਨ ਸ਼ਾਂਤੀ ਦੇਵਾ, ਸੁੱਖ ਦੇਵਾ। ਦੋ ਚੀਜ਼ਾਂ ਮੰਗਦੇ ਹਨ ਨਾ। ਹੁਣ ਤਾਂ ਜਾਣਦੇ ਹੋ ਅਸੀਂ ਬੇਹੱਦ ਦੇ ਬਾਪ ਤੋਂ ਸੁੱਖ ਦਾ ਵਰਸਾ ਲੈ ਰਹੇ ਹਾਂ। ਬਾਪ ਆਕੇ ਸਾਨੂੰ ਸੁੱਖ ਵੀ ਦਿੰਦੇ ਹਨ, ਸ਼ਾਂਤੀ ਵੀ ਦਿੰਦੇ ਹਨ। ਹੋਰ ਕੋਈ ਸੁੱਖ - ਸ਼ਾਂਤੀ ਤਾਂ ਦੇਣ ਵਾਲਾ ਹੈ ਨਹੀਂ। ਬਾਪ ਨੂੰ ਹੀ ਤਰਸ ਆਵੇਗਾ। ਉਹ ਹੈ ਬੇਹੱਦ ਦਾ ਬਾਪ। ਤੁਸੀਂ ਸਮਝਦੇ ਹੋ ਅਸੀਂ ਬਾਬਾ ਦੇ ਬੱਚੇ ਬਹੁਤ ਸੁੱਖੀ ਸੀ ਜਦ ਪਵਿੱਤਰ ਸੀ। ਹੁਣ ਅਪਵਿੱਤਰ ਬਣਨ ਨਾਲ ਦੁੱਖੀ ਹੋ ਜਾਂਦੇ ਹਾਂ। ਕਾਮ ਚਿਤਾ ਤੇ ਬੈਠ ਕਾਲੇ ਪਤਿਤ ਬਣ ਜਾਂਦੇ ਹਾਂ। ਮੂਲ ਗੱਲ ਹੈ ਕਿ ਬਾਪ ਨੂੰ ਭੁੱਲ ਜਾਂਦੇ ਹਾਂ, ਜਿਸ ਬਾਪ ਨੇ ਇਨ੍ਹਾਂ ਉੱਚਾ ਪੱਦ ਦਿੱਤਾ। ਗਾਉਂਦੇ ਵੀ ਹਨ ਨਾ ਤੁਸੀਂ ਮਾਤਾ ਪਿਤਾ.... ਸੁੱਖ ਘਨੇਰੇ ਸੀ। ਸੋ ਫਿਰ ਤੁਸੀਂ ਹੁਣ ਲੈ ਰਹੇ ਹੋ ਕਿਓਂਕਿ ਹੁਣ ਦੁੱਖ ਘਨੇਰੇ ਹਨ। ਇਹ ਹੈ ਤਮੋਪ੍ਰਧਾਨ ਦੁਨੀਆਂ। ਵਿਸ਼ੇ ਸਾਗਰ ਵਿੱਚ ਗੋਤੇ ਖਾਂਦੇ ਰਹਿੰਦੇ ਹਨ। ਸਮਝਦੇ ਕੁਝ ਵੀ ਨਹੀਂ ਹਨ। ਤੁਹਾਨੂੰ ਹੁਣ ਸਮਝ ਆਈ ਹੈ। ਤੁਸੀਂ ਸਮਝਦੇ ਹੋ ਕਿ ਇਹ ਰੋਰਵ ਨਰਕ ਹੈ।

ਬਾਪ ਬੱਚਿਆਂ ਨੂੰ ਪੁੱਛਦੇ ਹਨ - ਹੁਣ ਤੁਸੀਂ ਨਰਕਵਾਸੀ ਹੋ ਜਾਂ ਸਵਰਗਵਾਸੀ ਹੋ ? ਜਦ ਕੋਈ ਮਰਦਾ ਹੈ ਤਾਂ ਝੱਟ ਕਹਿ ਦਿੰਦੇ ਹਨ ਸਵਰਗਵਾਸੀ ਹੋਇਆ ਮਤਲਬ ਸਾਰੇ ਦੁੱਖਾਂ ਤੋਂ ਦੂਰ ਹੋਇਆ। ਫਿਰ ਨਰਕ ਦੀਆਂ ਚੀਜ਼ਾਂ ਉਨ੍ਹਾਂ ਨੂੰ ਕਿਓਂ ਖਵਾਉਂਦੇ ਹੋ ? ਇਹ ਵੀ ਸਮਝਦੇ ਨਹੀਂ। ਬਾਪ ਆਕੇ ਸਵਰਗ ਦੀ ਸਥਾਪਨਾ ਕਰਦੇ ਹਨ। ਤੁਹਾਨੂੰ ਬੱਚਿਆਂ ਨੂੰ ਰਾਜਯੋਗ ਸਿਖਲਾਉਂਦੇ ਹਨ। ਬਾਪ ਕਹਿੰਦੇ ਹਨ ਮਿੱਠੇ ਬੱਚੇ, ਮੈ ਤੁਹਾਨੂੰ ਇਹ ਨਾਲੇਜ ਸੁਣਾਉਂਦਾ ਹਾਂ। ਮੇਰੇ ਵਿੱਚ ਹੀ ਇਹ ਨਾਲੇਜ ਹੈ। ਗਿਆਨ ਸਾਗਰ ਮੈ ਹਾਂ। ਕਹਿੰਦੇ ਹਨ ਸ਼ਾਸਤਰਾਂ ਦੀ ਅਥਾਰਿਟੀ ਹੈ। ਪਰ ਉਹ ਵੀ ਆਤਮਾਵਾਂ ਹਨ ਨਾ, ਇਹ ਵੀ ਸਮਝਦੇ ਨਹੀਂ। ਬਾਪ ਦਾ ਹੀ ਪਤਾ ਨਹੀਂ ਹੈ। ਬਾਪ ਜੋ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ ਉਨ੍ਹਾਂ ਦੇ ਲਈ ਕਹਿੰਦੇ ਹਨ ਠਿੱਕਰ ਭਿੱਤਰ ਸਭ ਵਿੱਚ ਹੈ। ਵਿਆਸ ਭਗਵਾਨ ਨੇ ਕੀ - ਕੀ ਗੱਲਾਂ ਲਿੱਖ ਦਿੱਤੀਆਂ ਹਨ। ਮਨੁੱਖਾਂ ਨੂੰ ਕੁਝ ਵੀ ਪਤਾ ਨਹੀਂ ਹੈ। ਬਿਲਕੁਲ ਆਰਫਨ ( ਯਤੀਮ ) ਬਣ ਆਪਸ ਵਿੱਚ ਲੜਦੇ - ਝਗੜਦੇ ਰਹਿੰਦੇ ਹਨ। ਬਾਪ ਦੀ ਰਚਤਾ ਅਤੇ ਰਚਨਾ ਦੇ ਆਦਿ - ਮੱਧ - ਅੰਤ ਨੂੰ ਕੋਈ ਨਹੀਂ ਜਾਣਦਾ ਹੈ। ਬਾਪ ਆਪਣਾ ਅਤੇ ਰਚਨਾ ਦੇ ਆਦਿ - ਮੱਧ - ਅੰਤ ਦਾ ਰਾਜ਼ ਸਮਝਾਉਂਦੇ ਹਨ। ਹੋਰ ਤਾਂ ਕੋਈ ਦੱਸ ਨਹੀਂ ਸਕਦਾ। ਤੁਸੀਂ ਕਿਸੇ ਤੋਂ ਵੀ ਪੁੱਛੋ - ਜਿਸ ਨੂੰ ਈਸ਼ਵਰ, ਭਗਵਾਨ, ਰਚਤਾ ਕਹਿੰਦੇ ਹੋ ਉਨ੍ਹਾਂ ਨੂੰ ਤੁਸੀਂ ਜਾਣਦੇ ਹੋ? ਕੀ ਠਿੱਕਰ - ਭਿੱਤਰ ਵਿੱਚ ਈਸ਼ਵਰ ਕਹਿਣਾ ਹੀ ਜਾਣਨਾ ਹੈ ? ਪਹਿਲੇ ਆਪਣੇ ਨੂੰ ਤਾਂ ਸਮਝੋ।

ਮਨੁੱਖ ਤਮੋਪ੍ਰਧਾਨ ਹੈ ਤਾਂ ਜਾਨਵਰ ਆਦਿ ਸਭ ਤਮੋਪ੍ਰਧਾਨ ਹਨ। ਮਨੁੱਖ ਸਤੋਪ੍ਰਧਾਨ ਹੈ ਤਾਂ ਸਾਰੇ ਸੁੱਖੀ ਬਣ ਜਾਂਦੇ ਹਨ। ਜਿਵੇਂ ਮਨੁੱਖ, ਇਵੇਂ ਉਨ੍ਹਾਂ ਦਾ ਫਰਨੀਚਰ ਵੀ ਹੁੰਦਾ ਹੈ। ਸਾਹੂਕਾਰ ਲੋਕਾਂ ਦਾ ਫਰਨੀਚਰ ਵੀ ਚੰਗਾ ਹੁੰਦਾ ਹੈ। ਤੁਸੀਂ ਤਾਂ ਬਿਲਕੁਲ ਸੁੱਖੀ ਵਿਸ਼ਵ ਦੇ ਮਾਲਿਕ ਬਣਦੇ ਹੋ ਤਾਂ ਤੁਹਾਡੇ ਕੋਲ ਹਰ ਚੀਜ਼ ਸੁਖਦਾਈ ਹੈ। ਉੱਥੇ ਦੁੱਖਦਾਈ ਚੀਜ਼ ਹੁੰਦੀ ਨਹੀਂ। ਇਹ ਨਰਕ ਹੈ ਹੀ ਗੰਦੀ ਦੁਨੀਆ।

ਬਾਪ ਆਕੇ ਸਮਝਾਉਂਦੇ ਹਨ ਭਗਵਾਨ ਤਾਂ ਇੱਕ ਹੀ ਹੈ, ਉਹ ਹੀ ਪਤਿਤ - ਪਾਵਨ ਹੈ। ਸਵਰਗ ਦੀ ਸਥਾਪਨਾ ਕਰਦੇ ਹਨ। ਦੇਵਤਾਵਾਂ ਦੀ ਮਹਿਮਾ ਵੀ ਗਾਉਂਦੇ ਹਨ ਸ੍ਰਵਗੁਣ ਸੰਪੰਨ...। ਮੰਦਰਾਂ ਵਿੱਚ ਜਾਕੇ ਦੇਵਤਾਵਾਂ ਦੀ ਉਪਮਾ, ਆਪਣੀ ਨਿੰਦਾ ਕਰਦੇ ਹਨ ਕਿਉਂਕਿ ਸਾਰੇ ਭ੍ਰਿਸ਼ਟਾਚਾਰੀ ਹਨ। ਸ਼੍ਰੇਸ਼ਟਾਚਾਰੀ, ਸਵਰਗਵਾਸੀ ਤਾਂ ਇਹ ਲਕਸ਼ਮੀ - ਨਾਰਾਇਣ ਹਨ, ਜਿਨ੍ਹਾਂ ਦੀ ਸਾਰੇ ਪੂਜਾ ਕਰਦੇ ਹਨ। ਸੰਨਿਆਸੀ ਵੀ ਕਰਦੇ ਹਨ। ਸਤਿਯੁਗ ਵਿੱਚ ਇਵੇਂ ਨਹੀਂ ਹੁੰਦਾ। ਤੁਹਾਡਾ ਸੰਨਿਆਸ ਹੈ ਬੇਹੱਦ ਦਾ। ਬੇਹੱਦ ਦਾ ਬਾਪ ਆਕੇ ਬੇਹੱਦ ਦਾ ਸੰਨਿਆਸ ਕਰਾਉਂਦੇ ਹਨ। ਉਹ ਹੈ ਹਠਯੋਗ, ਹੱਦ ਦਾ ਸੰਨਿਆਸ। ਉਹ ਧਰਮ ਹੀ ਦੂਜਾ ਹੈ। ਬਾਪ ਕਹਿੰਦੇ ਹਨ ਤੁਸੀਂ ਆਪਣੇ ਧਰਮ ਨੂੰ ਭੁੱਲ ਕਿਨਿਆਂ ਧਰਮਾਂ ਵਿੱਚ ਘੁੱਸ ਪਏ ਹੋ। ਆਪਣੇ ਭਾਰਤ ਦਾ ਨਾਮ ਹੀ ਹਿੰਦੁਸਤਾਨ ਰੱਖ ਦਿੱਤਾ ਹੈ ਅਤੇ ਫਿਰ ਹਿੰਦੂ ਧਰਮ ਕਹਿ ਦਿੱਤਾ ਹੈ। ਅਸਲ ਵਿੱਚ ਹਿੰਦੂ ਧਰਮ ਤਾਂ ਕਿਸੇ ਨੇ ਸਥਾਪਨ ਹੀ ਨਹੀਂ ਕੀਤਾ ਹੈ। ਮੁੱਖ ਧਰਮ ਹੈ ਹੀ ਚਾਰ - ਦੇਵੀ - ਦੇਵਤਾ, ਇਸਲਾਮੀ, ਬੋਧੀ ਅਤੇ ਕ੍ਰਿਸ਼ਚਨ। ਤੁਸੀਂ ਜਾਣਦੇ ਹੋ ਇਹ ਸਾਰੀ ਦੁਨੀਆ ਆਇਲੈਂਡ ਹੈ, ਇਸ ਵਿੱਚ ਰਾਵਣ ਦਾ ਰਾਜ ਹੈ। ਰਾਵਣ ਵੇਖਿਆ ਹੈ? ਜਿਨ੍ਹਾਂ ਨੂੰ ਘੜੀ - ਘੜੀ ਸਾੜਦੇ ਰਹਿੰਦੇ ਹਨ, ਇਹ ਸਭ ਤੋਂ ਪੁਰਾਣਾ ਦੁਸ਼ਮਣ ਹੈ। ਇਹ ਵੀ ਸਮਝਦੇ ਨਹੀਂ ਕਿ ਅਸੀਂ ਕਿਉਂ ਜਲਾਉਂਦੇ ਹਾਂ ? ਸਮਝ ਚਾਹੀਦੀ ਹੈ ਨਾ - ਇਹ ਕੌਣ ਹੈ? ਕੱਦੋਂ ਤੋਂ ਸਾੜਦੇ ਆਏ ਹਨ? ਸਮਝਦੇ ਹਨ ਪਰੰਪਰਾ ਤੋਂ। ਅਰੇ, ਉਨ੍ਹਾਂ ਦਾ ਵੀ ਕੋਈ ਹਿਸਾਬ ਤਾਂ ਚਾਹੀਦਾ ਹੈ ਨਾ। ਤੁਹਾਨੂੰ ਕੋਈ ਜਾਣਦੇ ਹੀ ਨਹੀਂ। ਤੁਸੀ ਹੋ ਬ੍ਰਹਮਾ ਦੇ ਬੱਚੇ। ਤੁਹਾਡੇ ਤੋਂ ਕੋਈ ਪੁੱਛੇ ਤੁਸੀਂ ਕਿਸ ਦੇ ਬੱਚੇ ਹੋ ? ਅਰੇ, ਅਸੀਂ ਬ੍ਰਹਮਾਕੁਮਾਰ - ਕੁਮਾਰੀਆਂ ਹਾਂ ਤਾਂ ਉਨ੍ਹਾਂ ਦੇ ਬੱਚੇ ਠਹਿਰੇ ਨਾ। ਬ੍ਰਹਮਾ ਕਿਸਦਾ ਬੱਚਾ ਹੈ ? ਸ਼ਿਵਬਾਬਾ ਦਾ। ਅਸੀਂ ਉਨ੍ਹਾਂ ਦੇ ਪੋਤਰੇ ਠਹਿਰੇ। ਸਾਰੀ ਆਤਮਾਵਾਂ ਉਨ੍ਹਾਂ ਦੇ ਬੱਚੇ ਹਨ। ਫਿਰ ਸ਼ਰੀਰ ਵਿੱਚ ਪਹਿਲੇ ਬ੍ਰਾਹਮਣ ਬਣਦੇ ਹਨ। ਪ੍ਰਜਾਪਿਤਾ ਬ੍ਰਹਮਾ ਹੈ ਨਾ। ਇੰਨੀ ਪ੍ਰਜਾ ਕਿਵੇਂ ਰਚਦੇ ਹਨ, ਇਹ ਤੁਸੀਂ ਜਾਣਦੇ ਹੋ। ਇਹ ਅਡਾਪਸ਼ਨ ਹੈ। ਸ਼ਿਵਬਾਬਾ ਅਡਾਪਟ ਕਰਦੇ ਹਨ ਬ੍ਰਹਮਾ ਦੁਆਰਾ। ਮੇਲਾ ਵੀ ਲੱਗਦਾ ਹੈ। ਵਾਸਤਵ ਵਿੱਚ ਮੇਲਾ ਉੱਥੇ ਲੱਗਣਾ ਚਾਹੀਦਾ ਹੈ ਜਿੱਥੇ ਬ੍ਰਹਮਪੁੱਤਰਾ ਵੱਡੀ ਨਦੀ ਸਾਗਰ ਵਿੱਚ ਜਾਕੇ ਮਿਲਦੀ ਹੈ। ਉਸ ਸੰਗਮ ਵਿੱਚ ਮੇਲਾ ਲੱਗਣਾ ਚਾਹੀਦਾ ਹੈ। ਇਹ ਮੇਲਾ ਇੱਥੇ ਹੈ। ਬ੍ਰਹਮਾ ਬੈਠੇ ਹਨ, ਤੁਸੀਂ ਜਾਣਦੇ ਹੋ ਬਾਪ ਵੀ ਹੈ ਅਤੇ ਵੱਡੀ ਮੰਮਾ ਵੀ ਤਾਂ ਇਹ ਹੀ ਹੈ। ਪਰ ਮੇਲ ਹੈ ਇਸਲਈ ਮੰਮਾ ਨੂੰ ਮੁਕਰਰ ਕੀਤਾ ਜਾਂਦਾ ਹੈ ਕਿ ਤੁਸੀਂ ਇਨ੍ਹਾਂ ਮਤਾਵਾਂ ਨੂੰ ਸਾਂਭੋ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਸਦਗਤੀ ਦਿੰਦਾ ਹਾਂ। ਤੁਸੀਂ ਜਾਣਦੇ ਹੋ ਇਹ ਦੇਵਤੇ ਹਨ ਡਬਲ ਅਹਿੰਸਕ ਕਿਉਂਕਿ ਉੱਥੇ ਰਾਵਣ ਹੁੰਦਾ ਹੀ ਨਹੀਂ। ਭਗਤੀ ਤੋਂ ਹੁੰਦੀ ਹੈ ਰਾਤ, ਗਿਆਨ ਨਾਲ ਦਿਨ। ਗਿਆਨ ਸਾਗਰ ਇੱਕ ਬਾਪ ਹੀ ਹੈ, ਉਨ੍ਹਾ ਦੇ ਲਈ ਫਿਰ ਕਹਿ ਦਿੰਦੇ ਹਨ ਸਰਵ 1ਵਿਆਪੀ। ਬਾਪ ਹੀ ਆਕੇ ਇਹ ਸਮਝਾਉਂਦੇ ਹਨ ਅਤੇ ਬੱਚਿਆਂ ਨੂੰ ਹੀ ਸਮਝਾਉਂਦੇ ਹਨ। ਸ਼ਿਵ ਭਗਵਾਨੁਵਾਚ ਹੈ ਨਾ। ਸ਼ਿਵ ਜਯੰਤੀ ਮਨਾਉਂਦੇ ਹਨ ਤੇ ਜਰੂਰ ਕੋਈ ਵਿੱਚ ਆਉਂਦੇ ਹਨ। ਕਹਿੰਦੇ ਹਨ ਮੈਨੂੰ ਪ੍ਰਕ੍ਰਿਤੀ ਦਾ ਆਧਾਰ ਲੈਣਾ ਪੈਂਦਾ ਹੈ ਮੈ ਕੋਈ ਛੋਟੇ ਬੱਚੇ ਦਾ ਆਧਾਰ ਨਹੀਂ ਲੈਂਦਾ ਹਾਂ। ਕ੍ਰਿਸ਼ਨ ਤਾਂ ਬੱਚਾ ਹੈ ਨਾ। ਮੈਂ ਤਾਂ ਉਨ੍ਹਾਂ ਦੇ ਬਹੁਤ ਜਨਮਾਂ ਦੇ ਅੰਤ ਵਿੱਚ ਸੋ ਵੀ ਵਾਣਪ੍ਰਸਥ ਅਵਸਥਾ ਵਿੱਚ ਪ੍ਰਵੇਸ਼ ਕਰਦਾ ਹਾਂ। ਵਾਣਪ੍ਰਸਥ ਅਵਸਥਾ ਤੋਂ ਬਾਅਦ ਹੀ ਮਨੁੱਖ ਭਗਵਾਨ ਦਾ ਸਿਮਰਨ ਕਰਦੇ ਹਨ। ਪਰ ਭਗਵਾਨ ਨੂੰ ਠੀਕ ਤਰ੍ਹਾਂ ਕੋਈ ਵੀ ਨਹੀਂ ਜਾਣਦੇ। ਤਦ ਬਾਪ ਕਹਿੰਦੇ ਹਨ ਯਦਾ ਯਦਾਹੀ... ਮੈਂ ਭਾਰਤ ਵਿੱਚ ਹੀ ਆਉਂਦਾ ਹਾਂ। ਭਾਰਤ ਦੀ ਮਹਿਮਾ ਅਪਰੰਪਾਰ ਹੈ।

ਮਨੁੱਖਾਂ ਨੂੰ ਦੇਹ ਦਾ ਹੰਕਾਰ ਕਿੰਨਾ ਹੈ - ਨੈਂ ਫਲਾਣਾ ਹਾਂ, ਇਹ ਹਾਂ! ਹੁਣ ਬਾਪ ਆਕੇ ਤੁਹਾਨੂੰ ਦੇਹੀ - ਅਭਿਮਾਨੀ ਬਣਾਉਂਦੇ ਹਨ। ਮਿੱਠੇ - ਮਿੱਠੇ ਰੂਹਾਨੀ ਬੱਚਿਆਂ ਨੂੰ ਰੂਹਾਨੀ ਬਾਪ ਬੈਠ ਗਿਆਨ ਦੇ ਸਾਰੇ ਰਾਜ਼ ਦੱਸਦੇ ਹਨ। ਇਹ ਹੈ ਪੁਰਾਣੀ ਦੁਨੀਆ। ਸਤਿਯੁਗ ਹੈ ਨਵੀਂ ਦੁਨੀਆਂ। ਸਤਿਯੁਗ ਵਿੱਚ ਆਦਿ ਸਨਾਤਮ ਦੇਵੀ - ਦੇਵਤਾ ਧਰਮ ਹੀ ਸੀ। 5 ਹਜ਼ਾਰ ਵਰ੍ਹੇ ਦੀ ਗੱਲ ਹੈ। ਸ਼ਾਸਤਰਾਂ ਵਿੱਚ ਫਿਰ ਵਿਆਸ ਨੇ ਲਿੱਖ ਦਿੱਤਾ ਹੈ, ਕਲਪ ਦੀ ਉਮਰ ਲੱਖਾਂ ਹਜ਼ਾਰ ਵਰ੍ਹੇ ਹੈ। ਵਾਸਤਵ ਵਿੱਚ ਹੈ 5 ਹਜ਼ਾਰ ਵਰ੍ਹੇ ਦਾ ਕਲਪ। ਮਨੁੱਖ ਬਿਲਕੁੱਲ ਅਗਿਆਨ ਦੀ, ਕੁੰਭਕਰਨ ਦੀ ਨੀਂਦ ਵਿੱਚ ਸੁੱਤੇ ਹੋਏ ਹਨ। ਹੁਣ ਤੁਹਾਡੀਆਂ ਇਹ ਗੱਲਾਂ ਕੋਈ ਨਵਾਂ ਸੁਣੇਗ ਤਾਂ ਸਮਝ ਨਹੀਂ ਸਕੇਗਾ ਇਸਲਈ ਬਾਪ ਕਹਿੰਦੇ ਹਨ ਮੈਂ ਆਪਣੇ ਬੱਚਿਆਂ ਨਾਲ ਹੀ ਗੱਲ ਕਰਦਾ ਹਾਂ। ਭਗਤੀ ਵੀ ਤੁਸੀਂ ਹੀ ਸ਼ੁਰੂ ਕਰਦੇ ਹੋ। ਆਪਣੇ ਨੂੰ ਹੀ ਚਮਾਟ ਮਾਰੀ ਹੈ। ਬਾਪ ਨੇ ਤੁਹਾਨੂੰ ਪੂਜਯ ਬਣਾਇਆ, ਤੁਸੀਂ ਫਿਰ ਪੁਜਾਰੀ ਬਣ ਜਾਂਦੇ ਹੋ। ਇਹ ਵੀ ਖੇਲ ਹੈ। ਕੋਈ - ਕੋਈ ਮਨੁੱਖ ਨਰਮ ਦਿਲ ਹੁੰਦੇ ਹਨ ਤਾਂ ਖੇਲ ਵੇਖਕੇ ਵੀ ਰੋ ਪੈਂਦੇ ਹਨ। ਬਾਪ ਤਾਂ ਕਹਿੰਦੇ ਹਨ ਜਿੰਨ ਰੋਇਆ ਤਿੰਨ ਖੋਇਆ। ਸਤਿਯੁਗ ਵਿੱਚ ਰੋਣ ਦੀ ਗੱਲ ਹੀ ਨਹੀਂ। ਇੱਥੇ ਵੀ ਬਾਪ ਕਹਿੰਦੇ ਹਨ ਰੋਣਾ ਨਹੀਂ ਹੈ। ਰੋਂਦੇ ਹਨ ਦਵਾਪਰ - ਕਲਯੁਗ ਵਿੱਚ। ਸਤਿਯੁਗੀ ਕਦੇ ਰੋਂਦੇ ਨਹੀਂ ਹਨ। ਪਿਛਾੜੀ ਵਿੱਚ ਤਾਂ ਕਿਸੇ ਨੂੰ ਰੋਣ ਦੀ ਫੁਰਸਤ ਹੀ ਨਹੀਂ ਰਹੇਗੀ। ਅਚਾਨਕ ਮਰਦੇ ਰਹਿਣਗੇ। ਹਾਏ ਰਾਮ ਵੀ ਨਹੀਂ ਕਹਿ ਸਕਣਗੇ। ਵਿਨਾਸ਼ ਇਵੇਂ ਹੋਵੇਗਾ ਜੋ ਜਰਾ ਵੀ ਦੁੱਖ ਨਹੀਂ ਹੋਵੇਗਾ ਕਿਉਂਕਿ ਹਸਪਤਾਲ ਆਦਿ ਤਾਂ ਰਹਿਣਗੇ ਨਹੀਂ ਇਸਲਈ ਚੀਜ਼ਾਂ ਹੀ ਐਸੀਆਂ ਬਣਾਉਂਦੇ ਹਨ । ਤਾਂ ਬਾਪ ਸਮਝਾਉਂਦੇ ਹਨ ਤੁਸੀਂ ਬਾਂਦਰਾਂ ਦੀ ਮੈਂ ਸੈਨਾ ਲੈਂਦਾ ਹਾਂ, ਰਾਵਣ ਤੇ ਜਿੱਤ ਪਾਉਣ ਦੇ ਲਈ। ਹੁਣ ਬਾਪ ਤੁਹਾਨੂੰ ਯੁਕਤੀ ਦੱਸਦੇ ਹਨ - ਰਾਵਣ ਤੇ ਜਿੱਤ ਕਿਵੇਂ ਪਾਉਣੀ ਹੈ? ਸਾਰੀਆਂ ਸੀਤਾਵਾਂ ਨੂੰ ਰਾਵਣ ਦੀਆਂ ਜੰਜੀਰਾਂ ਤੋਂ ਛੁਡਾਉਣਾ ਹੈ। ਇਹ ਸਾਰੀ ਸਮਝਣ ਦੀ ਗੱਲ ਹੈ। ਭਗਵਾਨੁਵਾਚ, ਬੱਚਿਆਂ ਨੂੰ ਹੀ ਬਾਪ ਕਹਿੰਦੇ ਹਨ ਹਿਅਰ ਨੋ ਇਵਲ....ਜਿੰਨਾਂ ਗੱਲਾਂ ਤੋਂ ਤੁਹਾਨੂੰ ਕੋਈ ਫਾਇਦਾ ਨਹੀਂ, ਉਨ੍ਹਾਂ ਤੋਂ ਤੁਸੀਂ ਆਪਣੇ ਕੰਨ ਬੰਦ ਕਰ ਲਵੋ। ਹੁਣ ਤੁਹਾਨੂੰ ਸ਼੍ਰੀਮਤ ਮਿਲਦੀ ਹੈ। ਤੁਸੀਂ ਹੀ ਸ਼੍ਰੇਸ਼ਠ ਬਣੋਗੇ। ਇੱਥੇ ਤਾਂ ਸ਼੍ਰੀ ਸ਼੍ਰੀ ਦਾ ਟਾਈਟਲ ਸਾਰਿਆਂ ਨੂੰ ਦੇ ਦਿੱਤਾ ਹੈ। ਅੱਛਾ, ਫਿਰ ਵੀ ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝੋ ਅਤੇ ਬਾਪ ਨੂੰ ਯਾਦ ਕਰੋ।

ਕਿੰਨਾ ਵੰਡਰਫੁਲ ਹਾਰ - ਜਿੱਤ ਦਾ ਇਹ ਬੇਹੱਦ ਦਾ ਖੇਲ ਹੈ ਜੋ ਬਾਪ ਹੀ ਸਮਝਾਉਂਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਸਮਾਨ ਰਹਿਮਦਿਲ ਬਣਨਾ ਹੈ। ਸਾਰਿਆਂ ਨੂੰ ਦੁੱਖਾਂ ਤੋਂ ਛੁਡਾ ਕੇ ਪਤਿਤ ਤੋਂ ਪਾਵਨ ਬਣਾਉਣ ਦੀ ਸੇਵਾ ਕਰਨੀ ਹੈ। ਪਾਵਨ ਬਣਨ ਦੇ ਲਈ ਇੱਕ ਬਾਪ ਨਾਲ ਬਹੁਤ - ਬਹੁਤ ਲਵ ਰੱਖਣਾ ਹੈ।

2. ਬਾਪ ਕਹਿੰਦੇ ਹਨ ਜਿਨ ਰੋਇਆ ਤਿੰਨ ਖੋਇਆ ਇਸਲਈ ਕਿਵੇਂ ਦੀ ਵੀ ਪ੍ਰਸਥਿਤੀ ਹੋਵੇ ਤੁਸੀਂ ਰੋਣਾ ਨਹੀਂ ਹੈ।

ਵਰਦਾਨ:- ਸਵ ਦੇ ਰਾਜ ਦ੍ਵਾਰਾ ਆਪਣੇ ਸਾਥੀਆਂ ਨੂੰ ਸਨੇਹੀ ਸਹਿਯੋਗੀ ਬਨਾਉਣ ਵਾਲੇ ਮਾਸਟਰ ਦਾਤਾ ਭਵ।

ਰਾਜਾ ਮਤਲਬ ਦਾਤਾ। ਦਾਤਾ ਨੂੰ ਕਹਿਣਾ ਜਾਂ ਮੰਗਣਾ ਨਹੀਂ ਪੈਂਦਾ। ਖੁਦ ਹਰ ਇੱਕ ਰਾਜਿਆਂ ਨੂੰ ਆਪਣੇ ਸਨੇਹ ਦੀ ਸੌਗਾਤ ਆਫਰ ਕਰਦੇ ਹਨ। ਤੁਸੀ ਵੀ ਖੁਦ ਤੇ ਰਾਜ ਕਰਨ ਵਾਲੇ ਰਾਜਾ ਬਣੋ ਤਾਂ ਹਰ ਇੱਕ ਤੁਹਾਡੇ ਅੱਗੇ ਸਹਿਯੋਗ ਦੀ ਸੌਗਾਤ ਆਫਰ ਕਰਨਗੇ। ਜਿਸ ਦਾ ਖੁਦ ਤੇ ਰਾਜ ਹੈ ਉਸ ਦੇ ਅੱਗੇ ਲੌਕਿਕ, ਅਲੌਕਿਕ ਸਾਥੀ ਜੀ ਹਾਜਿਰ, ਜੀ ਹਜੂਰ, ਹਾਂ ਜੀ ਕਹਿੰਦੇ ਹੋਰ ਸਨੇਹੀ - ਸਹਿਯੋਗੀ ਬਣਦੇ ਹਨ। ਪਰਿਵਾਰ ਵਿਚ ਕਦੇ ਆਰਡਰ ਨਹੀਂ ਚਲਾਉਣਾ, ਆਪਣੀਆਂ ਕਰਮਿੰਦ੍ਰਿਆਂ ਨੂੰ ਆਰਡਰ ਵਿਚ ਰੱਖਣਾ ਤਾਂ ਤੁਹਾਡੇ ਸਰਵ ਸਾਥੀ ਤੁਹਾਡੇ ਸਨੇਹੀ, ਸਹਿਯੋਗੀ ਬਣ ਜਾਣਗੇ।

ਸਲੋਗਨ:- ਸਰਵ ਪ੍ਰਾਪਤੀ ਦੇ ਸਾਧਨ ਹੁੰਦੇ ਵੀ ਵ੍ਰਿਤੀ ਉਪਰਾਮ ਰਹੇ ਤਾਂ ਕਹਾਂਗੇ ਵੈਰਾਗ ਵ੍ਰਿਤੀ।

******